ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ !

# ਮਾਰਿਆ ਸਿੱਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ

## ਸਾਲ 2026 ਦੌਰਾਨ

## ਆਯੋਜਿਤ ਹੋਣ ਵਾਲ਼ੇ ਸਾਰੇ ਸਮਾਗਮਾਂ ਦਾ ਸੱਦਾ-ਪੱਤਰ

## ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ॥

ਆਓ ! 'ਧੁਰ ਕੀ ਬਾਣੀ ਆਈ' ਦੇ ਡੂੰਘੇਰੇ ਫਲਸਫ਼ੇ ਨੂੰ ਸਮਝੀਏ, ਗੁਰਬਾਣੀ ਨੂੰ ਪੜ੍ਹੀਏ ਤੇ ਗੂੜ੍ਹ ਬਿਰਤੀ ਨਾਲ਼ ਵਿਚਾਰਦਿਆਂ, ਪਾਖੰਡਵਾਦ ਤੋਂ ਗੁਰੇਜ਼ ਕਰਦਿਆਂ, ਪਰਉਪਕਾਰੀ ਤੇ ਕ੍ਰਾਂਤੀਕਾਰੀ ਸੋਚ ਦੇ ਧਾਰਨੀ ਬਣ ਕੇ, ਗੁਰਬਾਣੀ ਦਾ ਲੜ ਫੜ ਕੇ, ਅੰਧਕਾਰਮਈ ਜੀਵਨ ਤੋਂ ਪਰਕਾਸ਼ਮਈ ਜੀਵਨ ਵੱਲ ਵਧੀਏ।

ਗੁਰਮਤਿ ਸੇਵਾ ਸੁਸਾਇਟੀ (ਰਜਿ:) ®
ਨਿਰਮਲ ਆਸ਼ਰਮ, ਜੰਡਾਲ਼ੀ ਅਹਿਮਦਗੜ੍ਹ

Scan for Location

# ਗੁਰਮਤਿ ਸੇਵਾ ਸੁਸਾਇਟੀ (ਰਜਿ:)

Since 21/02/2006 Non Govt. Organization

## H.O. ਨਿਰਮਲ ਆਸ਼ਰਮ, ਜੰਡਾਲ਼ੀ ਖੁਰਦ

ਅਹਿਮਦਗੜ੍ਹ, ਜ਼ਿਲ੍ਹਾ ਮਾਲੇਰਕੋਟਲਾ।

ਇਸ ਸੰਸਥਾ ਦੀਆਂ ਗਤੀਵਿਧੀਆਂ (Acivities) ਨਾਲ਼ ਜੁੜਨ ਲਈ ਫ਼ਾਲੋ (Follow) ਕਰੋ ਜੀ।

E-mail : gurmatsewasociety@yahoo.com www.nirmalashramjandaliahmedgarh.org

NirmalAshramJandaliAhmedgarh

## ਸਤਿਸੰਗ ਗੁਰਮਤਿ ਸਮਾਗਮਾਂ ਦਾ ਵੇਰਵਾ ਇਸ ਪਰਕਾਰ ਹੈ।

# ਸਤਿਸੰਗ ਦਾ ਸਮਾਂ :
# ਸਵੇਰੇ 9 ਤੋਂ ਦੁਪਹਿਰ 12 ਵਜੇ ਤੱਕ

Scan for Location

ਬਰਾਂਚ :- ਕੁਟੀਆ ਨਿਰਮਲ ਆਸ਼ਰਮ, ਜੰਡਾਲ਼ੀ ਕਲਾਂ, ਨਹਿਰ ਵਾਲ਼ੇ ਅਸਥਾਨ ਵਿਖੇ

ਇਹ ਅਸਥਾਨ ਜੰਡਾਲ਼ੀ ਕਲਾਂ ਨਹਿਰ ਵਾਲ਼ੇ ਰੇਲਵੇ ਫ਼ਾਟਕਾਂ ਤੋਂ ਕੰਗਣਵਾਲ਼ ਰੋਡ ਉੱਤੇ 1 Km ਦੀ ਦੂਰੀ 'ਤੇ ਸਥਿਤ ਹੈ।

**240ਵਾਂ 25 ਜਨਵਰੀ 2026**
ਆਖਰੀ ਐਤਵਾਰ

20ਵੀਂ ਵਰ੍ਹੇਗੰਢ
ਮਿਤੀ 21.02.2026 ਨੂੰ NGO "ਗੁਰਮਤਿ ਸੇਵਾ ਸੁਸਾਇਟੀ"
**22 ਫ਼ਰਵਰੀ 2026**
ਆਖਰੀ ਐਤਵਾਰ

**29 ਮਾਰਚ 2026**
ਆਖਰੀ ਐਤਵਾਰ

21ਵਾਂ ਮਹਾਨ ਸਾਲਾਨਾ ਸਮਾਗਮ
15 ਭਗਤਾਂ ਦੀ ਯਾਦ ਅਤੇ ਖਾਲਸਾ ਸਾਜਣਾ ਦਿਵਸ (ਵੈਸਾਖੀ) ਨੂੰ ਸਮਰਪਿਤ
ਮਿਤੀ 04/04/2026 (ਦਿਨ ਸ਼ਨੀਵਾਰ)ਅੰਮ੍ਰਿਤ ਸੰਚਾਰ ਸਵੇਰੇ 7 ਵਜੇ ਆਰੰਭ
ਮਿਤੀ 05/04/2026 (ਦਿਨ ਐਤਵਾਰ)ਭੋਗ ਸ਼ਿਰੀ ਅਖੰਡ ਪਾਠ ਸਾਹਿਬ / ਕਥਾ ਸਵੇਰੇ 6 ਵਜੇ
ਉਸ ਤੋਂ ਉਪਰੰਤ ਹੈੱਡ ਆਫ਼ਿਸ ਨਿਰਮਲ ਆਸ਼ਰਮ ਵਿਖੇ "ਪਾਲਕੀ ਸਾਹਿਬ" ਨਗਰ ਕੀਰਤਨ ਮਹੱਲਾ ਸਜਾਇਆ ਜਾਵੇਗਾ ਸਮਾਂ ਸਵੇਰੇ 11 ਤੋਂ ਸ਼ਾਮ 2 ਵਜੇ ਤੱਕ
**26 ਅਪਰੈਲ 2026**
ਆਖਰੀ ਐਤਵਾਰ

21ਵਾਂ ਮਹਾਨ ਸਾਲਾਨਾ ਕੁਸ਼ਤੀ ਦੰਗਲ "ਛਿੰਝ ਮੇਲ"
ਮਿਤੀ 03/05/2026 (ਐਤਵਾਰ)
ਗੁਰੂ ਅੰਗਦ ਸਾਹਿਬ ਮੱਲ ਅਖਾੜਾ
ਦੁਪਹਿਰ 12 ਤੋਂ ਸ਼ਾਮ 5 ਵਜੇ ਤੱਕ
**31 ਮਈ 2026**
ਆਖਰੀ ਐਤਵਾਰ

26ਵਾਂ ਸਾਲਾਨਾ ਅੰਤਰਰਾਸ਼ਟਰੀ ਸੈਮੀਨਾਰ
ਮਿਤੀ 07/06/2026 (ਐਤਵਾਰ)
ਵਿਸ਼ਾ:- ਪੰਜਾਬੀ ਭਾਸ਼ਾ, ਸਥਿਤੀ ਤੇ ਸੰਕਟ / ਵਾਤਾਵਰਨ ।
**28 ਜੂਨ 2026** ਆਖਰੀ ਐਤਵਾਰ

**26 ਜੁਲਾਈ 2026**
ਆਖਰੀ ਐਤਵਾਰ
ਸਾਲਾਨਾ ਢਾਡੀ ਦਰਬਾਰ

**30 ਅਗਸਤ 2026**
ਆਖਰੀ ਐਤਵਾਰ
ਦਸਤਾਰ ਮੁਕਾਬਲਾ
ਦਸਤਾਰ-ਏ-ਦਰਬਾਰ

**27 ਸਤੰਬਰ 2026**
ਆਖਰੀ ਐਤਵਾਰ

**25 ਅਕਤੂਬਰ 2026**
ਆਖਰੀ ਐਤਵਾਰ
ਸਾਲਾਨਾ ਕਵੀ ਦਰਬਾਰ

**29 ਨਵੰਬਰ 2026**
ਆਖਰੀ ਐਤਵਾਰ
26ਵਾਂ ਸਾਲਾਨਾ ਸਮਾਗਮ
ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ

**251ਵਾਂ 27 ਦਸੰਬਰ 2026**
ਆਖਰੀ ਐਤਵਾਰ
ਸਾਲਾਨਾ ਸਮਾਗਮ
ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਾਰ
ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ
'ਤੇ ਸਮੂਹ ਸਿੰਘਾਂ, ਸਿੰਘਣੀਆਂ, ਭੁਝੰਗੀਆਂ ਦੀ ਯਾਦ ਨੂੰ ਸਮਰਪਿਤ

ਆਪ ਸਭ ਨੂੰ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿੱਚ ਸਮੇਂ ਸਿਰ ਪਹੁੰਚ ਕੇ ਲਾਹਾ ਪ੍ਰਾਪਤ ਕਰਿਆ ਕਰੋ ਜੀ।

**ਨੋਟ:** ਸਾਲਾਨਾ ਸਮਾਗਮ ਦੀਆਂ ਤਾਰੀਖ਼ਾਂ ਤਬਦੀਲ ਹੋ ਸਕਦੀਆਂ ਹਨ।

ਕਿਰਪਾ ਕਰਕੇ ਸੰਸਥਾ ਨਾਲ਼ ਸੰਪਰਕ ਰੱਖਣਾ ਅਤਿ ਜ਼ਰੂਰੀ ਹੈ ਤਾਂ ਕਿ ਆਪ ਜੀ ਨੂੰ ਤਬਦੀਲੀ ਦਾ ਪਤਾ ਲੱਗ ਸਕੇ।

YouTube NirmalAshramJandaliAhmedgarh

# ਆਓ ! ਅਸੀਂ ਨਸ਼ਿਆਂ ਅਤੇ ਪਖੰਡਵਾਦ ਵਰਗੀਆਂ ਨਾਮੁਰਾਦ ਬਿਮਾਰੀਆਂ ਦਾ ਖੁਰਾ-ਖੋਜ ਮਿਟਾਈਏ ਅਤੇ ਖੇਡਾਂ ਅਪਣਾਈਏ।

## ਇਸ ਸੰਸਥਾ ਵੱਲੋਂ ਸਮੁੱਚੀ ਮਨੁੱਖਤਾ ਦੇ ਭਲੇ ਹਿੱਤ ਬਹੁਤ ਸਾਰੀਆਂ ਸੇਵਾਵਾਂ ਚੱਲ ਰਹੀਆਂ ਹਨ। ਜਿਵੇਂ ਕਿ

1. ਹੋਮਿਓਪੈਥਿਕ ਚੈਰੀਟੇਬਲ ਹਸਪਤਾਲ Since 01.11.2006
2. ਡੈੱਡ ਬਾਡੀ Freezer Since 20.08.2011
3. ਐਂਬੂਲੈਂਸ ਸੇਵਾ Since 26.05.2019
4. ਲੰਗਰ ਸੇਵਾ Since 20.03.1997
5. ਸਮੇਂ-ਸਮੇਂ 'ਤੇ ਮੈਡੀਕਲ ਕੈਂਪ ਲਗਵਾਉਣੇ Since 02.04.2007
6. ਨਿਰਮਲ ਗੁਰਮਤਿ ਲਾਇਬਰੇਰੀ Since 02.10.2011
7. ਗੁਰਮਤਿ ਪਰਚਾਰ ਲਈ ਮੁਫ਼ਤ ਲਿਟਰੇਚਰ ਵੰਡਣਾ
8. ਨਿਰਮਲ ਪਾਠ ਬੋਧ ਗੁਰਮਤਿ ਵਿਦਿਆਲਾ Since 01.07.2009
9. ਸਮਾਜਿਕ ਕੁਰੀਤੀਆਂ, ਮਾਂ ਬੋਲੀ ਪੰਜਾਬੀ ਭਾਸ਼ਾ ਅਤੇ ਵਾਤਾਵਰਨ ਦੀ ਸੰਭਾਲ਼ ਲਈ ਰਾਸ਼ਟਰੀ ਅਤੇ ਅੰਤਰਾਸ਼ਟਰੀ ਸੈਮੀਨਾਰ ਕਰਵਾਉਣੇ Since 04.06.2000
10. ਸਫ਼ਾਈ ਮਿਸ਼ਨ Since 05.10.2019
11. ਪਾਣੀ ਟੈਂਕਰ ਸੇਵਾ Since 26.05.2019
12. ਪ੍ਰੋਗਰਾਮਾਂ ਲਈ ਮੁਫ਼ਤ ਭਾਂਡੇ ਅਤੇ ਭੱਠੀਆਂ ਵਰਤਣ ਲਈ ਦੇਣਾ Since 05.09.1999
13. ਗੁਰੂ ਅੰਗਦ ਸਾਹਿਬ ਮੱਲ ਅਖਾੜਾ "ਹਰ ਸਾਲ ਖੇਡ-ਮੇਲਾ ਕੁਸ਼ਤੀ ਦੰਗਲ਼ ਕਰਵਾਉਣਾ" Since 02.04.2006
14. ਲੋੜਵੰਦਾਂ ਨੂੰ ਬਸਤਰ ਆਦਿਕ ਦੇਣਾ Since 05.12.2004
15. ਮੁਫ਼ਤ ਪੌਦੇ ਵੰਡਣਾ Since 02.02.2003
16. Mourtuary Van "ਅੰਤਮ ਹਕੀਕੀ ਸਫ਼ਰ" ਵਾਹਨ Since 02.08.2024
17. ਲੈਬੋਰਟਰੀ / LAB. Since 30-11-2024

ਇਸ ਤੋਂ ਇਲਾਵਾ ਹੋਰ ਵੀ ਯੋਜਨਾਵਾਂ ਵਿਚਾਰ ਅਧੀਨ ਹਨ।

## ਇਸ ਸੰਸਥਾ ਵੱਲੋਂ ਪਰਕਾਸ਼ਤ ਹੋਈਆਂ ਪੁਸਤਕਾਂ ਦਾ ਵੇਰਵਾ:-

1. ਗੁਰਮਤਿ ਮਾਰਗ
2. ਨਿਰਮਲ ਗੁਰਮਤਿ ਮਾਰਗ
3. ਸਾਈਂ ਨਾਮ ਅਮੋਲ
4. ਨਾਮੁ ਸਿਰੋਮਣਿ ਸਰਬ ਮੈ
5. ਗੁਰਮਤਿ ਖੋਜਿ ਲਹਹੁ ਘਰੁ ਅਪਨਾ (ਬਹੁੜਿ ਨ ਗਰਭ ਮਝਾਰਾ ਹੇ॥੪॥)
6. ਸੁਖਮਨੀ ਸਾਹਿਬ ਸਟੀਕ
7. ਗਿਆਨ ਸਾਗਰ ਦੀ ਇੱਕ ਬੂੰਦ
8. ਬਲਿਹਾਰੀ ਕੁਦਰਤਿ ਵਸਿਆ
9. ਪੰਜਾਬ ਦਾ ਛੇਵਾਂ ਦਰਿਆ 'ਨਸ਼ਾ'
10. ਸ਼ਿਰੋਮਣੀ ਸੰਤ ਭਗਤ ਸਤਿਗੁਰੂ ਰਵਿਦਾਸ ਜੀ (ਸੰਖੇਪ ਜੀਵਨ ਤੇ ਵਿਚਾਰਧਾਰਾ)
11. ਸਗਲ ਸ੍ਰਿਸ਼ਟ ਦੀ ਚਾਦਰ

ਕ੍ਰਿਤ:- ਭਾਈ ਜਸਪਾਲ ਸਿੰਘ ਬੇਦੀ, ਸਮਰਾਲ਼ਾ
Retired Cheif Port Manager
and Ex. Marketing Advisor
Punjab state warehousing Corporation

ਟੀਕਾਕਾਰ:-
ਗਿਆਨੀ ਗਗਨਦੀਪ ਸਿੰਘ ਨਿਰਮਲੇ (ਜੰਡਾਲ਼ੀ ਵਾਲ਼ੇ)
(Gyani) Honours in Punjabi & M.A.

ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਅਨਿਨ ਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ (ਸ਼ਹੀਦੀ ਸਾਕਾ ਸੰਖੇਪ ਇਤਿਹਾਸ)

**ਇਸ ਲਿਟਰੇਚਰ ਨੂੰ ਪ੍ਰੇਮ ਸਹਿਤ ਪੜ੍ਹਨਾ ਅਤੇ ਵਿਚਾਰਨਾ ਹੀ ਇਸ ਦੀ ਭੇਟਾ ਹੈ।**

## ਆਓ ! ਆਪਾਂ ਸਾਰੇ ਰਲ਼ ਮਿਲ਼ ਕੇ ਇਸ ਸੰਸਥਾ ਦੀਆਂ 2006 ਤੋਂ ਚੱਲ ਰਹੀਆਂ ਮਹਾਨ ਸੇਵਾਵਾਂ ਦੇ ਮਿਸ਼ਨ ਦਾ ਹਿੱਸਾ ਬਣੀਏ।

ਆਪ ਜੀ ਨੂੰ ਬੇਨਤੀ ਹੈ ਕਿ 'ਗੁਰਮਤਿ ਸੇਵਾ ਸੁਸਾਇਟੀ' H.O. ਨਿਰਮਲ ਆਸ਼ਰਮ, ਜੰਡਾਲ਼ੀ ਖੁਰਦ ਅਹਿਮਦਗੜ੍ਹ ਦੇ ਇਸ ਮਹਾਨ ਸੇਵਾ ਮਿਸ਼ਨ ਵਿੱਚ ਅਪਣਾ ਸੁਝਾਅ ਅਤੇ ਤਨ, ਮਨ, ਧਨ ਨਾਲ਼ ਸਹਿਯੋਗ ਦਿਓ ਜੀ।

### ਸੇਵਾਵਾਂ ਵਿੱਚ ਸਹਿਯੋਗ ਕਰਨ ਲਈ Bank Details

GURMAT SEWA SOCIETY
H.O. Nirmal Ashram, Jandali Khurd
ICICI BANKBRANCH AHMEDGARH (148021)
A/c. No. 096801000525
IFSC Code: ICIC0000968

**ਨੋਟ :-** ਇਸ ਸੰਸਥਾ ਵੱਲੋਂ ਪਿੰਡਾਂ/ਸ਼ਹਿਰਾਂ ਵਿੱਚ ਜਾ ਕੇ ਕਿਸੇ ਵੀ ਪਰਕਾਰ ਦੀ ਉਗਰਾਹੀ ਨਹੀਂ ਕੀਤੀ ਜਾਂਦੀ । ਜੇਕਰ ਕੋਈ ਵੀ ਵਿਅਕਤੀ ਇਸ ਸੰਸਥਾ ਦੇ ਨਾਮ 'ਤੇ ਕਿਸੇ ਪਰਕਾਰ ਦੀ ਸਹਾਇਤਾ ਦੀ ਮੰਗ ਕਰਦਾ ਹੈ ਤਾਂ ਆਪ ਜੀ ਇਸ +91 94171 60833 ਨੰਬਰ 'ਤੇ ਸੂਚਨਾ ਜ਼ਰੂਰ ਦਿਓ ਜੀ, ਸੰਗਤਾਂ ਸੁਚੇਤ ਰਹਿਣ, ਧੰਨਵਾਦ।

You Tube NirmalAshramJandaliAhmedgarh

**ਹੈੱਡ ਆਫ਼ਿਸ :** ਨਿਰਮਲ ਆਸ਼ਰਮ, ਜੰਡਾਲ਼ੀ ਖੁਰਦ ਵਿਖੇ ਐਤਵਾਰ ਨੂੰ ਸ਼ਾਮ 3 ਤੋਂ 5 ਵਜੇ ਤੱਕ ਗੁਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਹੈ। ਚਾਹਵਾਨ ਵਿਦਿਆਰਥੀ ਵੱਧ ਤੋਂ ਵੱਧ ਲਾਭ ਉਠਾਉਣ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਸਮਾਂ ਸਵੇਰੇ: 5 ਤੋਂ 10.30, ਸ਼ਾਮ: 4.30 ਤੋਂ 7.30



## ਹੈੱਡ ਗ੍ਰੰਥੀ : ਜੱਥੇਦਾਰ ਸੁਖਦੀਪ ਸਿੰਘ (ਪ੍ਰੀਤ)

**ਲੰਗਰ ਦਾ ਸਮਾਂ: ਸਵੇਰੇ: 9 ਤੋਂ 12, ਸ਼ਾਮ: 6 ਤੋਂ 8**

**ਹਰ ਰੋਜ਼ ਮਿਲਣ ਦਾ ਸਮਾਂ:- ਸਵੇਰੇ 8.30 ਤੋਂ 10.30**

ਕਿਰਪਾ ਕਰਕੇ ਆਉਣ ਤੋਂ ਇੱਕ ਦਿਨ ਪਹਿਲਾਂ Appointment ਜ਼ਰੂਰ ਲੈ ਕੇ ਆਓ ਜੀ।

**01675-245887**

**+91 94171-60833 (INDIA) +1 (513) 216-0037 (USA)**

ਪੁਰਾਤਨ ਆਯੁਰਵੈਦਿਕ ਅਤੇ ਵਿਗਿਆਨਕ ਢੰਗ ਨਾਲ਼ ਜੜੀ, ਬੂਟੀਆਂ ਤੋਂ ਤਿਆਰ ਕੀਤੀ ਸ਼ੁੱਧ ਧੂਪ ਜੋ ਕਿ ਨਕਾਰਾਤਮਕ ਊਰਜਾ ਅਤੇ ਛੂਤ-ਛਾਤ ਦੀਆਂ ਬਿਮਾਰੀਆਂ ਨੂੰ ਨਸ਼ਟ ਕਰਦੀ ਹੈ ਅਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਵਾਲ਼ੀ "ਨਿਰਮਲ ਰਤਨ ਸਮੱਗਰੀ" ਮਿਲਦੀ ਹੈ।

1. **ਗੁਰਮਤਿ ਸੇਵਾ ਸੁਸਾਇਟੀ (ਰਜਿ:)** ਹੈੱਡ ਆਫ਼ਿਸ : **ਨਿਰਮਲ ਆਸ਼ਰਮ** ਜੰਡਾਲ਼ੀ ਖੁਰਦ (ਅਹਿਮਦਗੜ੍ਹ) ਮਾਲੇਰਕੋਟਲਾ।

### ਬਰਾਂਚ :- ਸਤਿਸੰਗ ਅਸਥਾਨ

2. ਕੁਟੀਆ ਨਿਰਮਲ ਆਸ਼ਰਮ, ਜੰਡਾਲ਼ੀ ਕਲਾਂ (ਅਹਿਮਦਗੜ੍ਹ) (ਨਹਿਰ ਵਾਲ਼ਾ ਅਸਥਾਨ)
3. ਕੁਟੀਆ ਨਿਰਮਲ ਆਸ਼ਰਮ, ਮਛਰਾਏ ਕਲਾਂ, ਨੇੜ੍ਹੇ ਸੂਏ ਕੋਲ਼ (ਫ਼ਤਹਿਗੜ੍ਹ ਸਾਹਿਬ)
4. ਕੁਟੀਆ ਨਿਰਮਲ ਆਸ਼ਰਮ, ਸਿਕੰਦਰਪੁਰ (ਯੂ.ਪੀ) ਉਸਾਰੀ ਅਧੀਨ।
5. ਕੁਟੀਆ ਨਿਰਮਲ ਆਸ਼ਰਮ, ਅਗੇਤਾ ਨੇੜ੍ਹੇ ਨਾਭਾ (ਪਟਿਆਲ਼ਾ)

2006 ਤੋਂ ਚੱਲ ਰਹੀ ਮਹਾਨ ਸੇਵਾ **ਹੋਮਿਓਪੈਥਿਕ ਚੈਰੀਟੇਬਲ ਹਸਪਤਾਲ** ਵਿੱਚ ਹਰ ਪਰਕਾਰ ਦੀ ਬਿਮਾਰੀ ਦਾ ਇਲਾਜ ਹੋਮਿਓਪੈਥਿਕ ਦਵਾਈਆਂ ਨਾਲ਼ ਕੀਤਾ ਜਾਂਦਾ ਹੈ। "ਵੱਧ ਤੋਂ ਵੱਧ ਦਵਾਈ ਦਾ ਲਾਭ ਉਠਾਓ ਅਤੇ ਰੋਗਾਂ ਤੋਂ ਛੁਟਕਾਰਾ ਪਾਓ ਜੀ"

ਹਫ਼ਤਾਵਾਰੀ ਐਤਵਾਰ ਸਵੇਰੇ 9 ਤੋਂ 3 ਵਜੇ ਤੱਕ (ਪਰਚੀ ਫ਼ੀਸ 20 ਰੁਪਏ)

ਇੱਥੇ ਹਰ ਤਰਾਂ ਦੇ ਟੈਸਟ ਕੰਪਿਊਟਰਾਈਜ਼ਡ ਮਸ਼ੀਨਾਂ ਨਾਲ਼ ਘੱਟ ਰੇਟਾਂ 'ਤੇ ਕੀਤੇ ਜਾਂਦੇ ਹਨ।

**Hospital / Helpline / Ambulance No: +91 91530-00016**

ਇਸ Pamphlet ਦੀ ਮਿਆਦ ਪੂਰੀ ਹੋਣ ਤੋਂ ਬਾਅਦ ਇਸ ਨੂੰ ਅਗਨ-ਭੇਟ ਕੀਤਾ ਜਾਵੇ ਜੀ।

**NirmalAshramJandaliAhmedgarh**






































## List of N.G.O. Members with Designation

ਗਿਆਨੀ ਗਗਨਦੀਪ ਸਿੰਘ ਨਿਰਮਲੇ – ਪਰਧਾਨ, ਪ੍ਰੀਤਮਹਿੰਦਰ ਸਿੰਘ ਬੇਦੀ ਸਮਰਾਲ਼ਾ – ਜਨਰਲ ਸੈਕਰੇਟਰੀ, ਸੁਖਦੇਵ ਸਿੰਘ ਰਿਟਾਇਰਡ ਪਟਵਾਰੀ ਮਕਸੂਦੜਾ – ਕੈਸ਼ੀਅਰ, ਮਾਸਟਰ ਹਰਜੀਤ ਸਿੰਘ ਅਢਿਆਣਾ – ਵਾਇਸ ਪਰਧਾਨ, ਐਡਵੋਕੇਟ ਗੁਰਵਿੰਦਰ ਕੌਰ ਨਾਰੀਕੇ – ਲੀਗਲ ਐਡਵਾਈਜ਼ਰ, ਪਰਮਜੀਤ ਸਿੰਘ ਪਾਂਗਲੀਆਂ – ਮੀਡੀਆ ਐਡਵਾਈਜ਼ਰ, ਗੁਰਪ੍ਰੀਤ ਸਿੰਘ ਜਸਪਾਲ ਬਾਂਗਰ – ਮੈਨੇਜਰ, ਡਾ. ਦਿਲਪ੍ਰੀਤ ਕੌਰ ਅਗੇਤਾ – ਐਡਵਾਈਜ਼ਰ, ਰਾਜਿੰਦਰ ਸਿੰਘ ਅਗੇਤਾ– ਐਡਵਾਈਜ਼ਰ, ਜਸਵੰਤ ਸਿੰਘ ਡੇਹਲੋਂ– ਐਡਵਾਈਜ਼ਰ, ਸਿਮਰਜੀਤ ਸਿੰਘ ਭਾਮੀਆਂ ਕਲਾਂ– ਐਡਵਾਈਜ਼ਰ,

**ਇਸ ਸੰਸਥਾ ਦੀਆਂ ਗਤੀਵਿਧੀਆਂ (Acivities) ਨਾਲ਼ ਜੁੜਨ ਲਈ ਫ਼ਾਲੋ (Follow) ਕਰੋ ਜੀ।**

**E-mail : gurmatsewasociety@yahoo.com    www.nirmalashramjandaliahmedgarh.org**

YouTube **NirmalAshramJandaliAhmedgarh**

# ਸੰਦੇਸ਼

ਸਾਧਾਰਨ ਮਨੁੱਖ ਅਤੀਤ (Past) ਬਾਰੇ ਪਛਤਾਵਾ, ਵਰਤਮਾਨ (Present) ਬਾਰੇ ਸ਼ਿਕਾਇਤਾਂ ਤੇ ਭਵਿੱਖ (Future) ਬਾਰੇ ਡਰਦਾ ਹੀ ਰਹਿੰਦਾ ਹੈ ਪਰ ਆਦਰਸ਼ ਮਨੁੱਖ ਭਾਣੇ ਵਿੱਚ ਰਹਿੰਦਾ, ਅਤੀਤ ਤੋਂ ਸਿੱਖਿਆ ਲੈ ਕੇ ਵਰਤਮਾਨ ਵਿੱਚ ਸੁਹੇਲਾ ਪਰਕਾਸ਼ਮਈ ਜੀਵਨ ਬਤੀਤ ਕਰਦਾ ਹੈ। ਗੁਰੂ ਗਰੰਥ ਸਾਹਿਬ ਜੀ ਬਾਣੀ ਚੰਗੇ ਆਚਰਨ, ਉੱਚੇ-ਸੁੱਚੇ ਕਿਰਦਾਰ ਤੇ ਸੁਚੱਜੀ ਜੀਵਨ-ਜਾਚ ਦਾ ਰਾਹ ਦਰਸਾਉਂਦੀ ਹੈ, ਮਨੁੱਖ ਦੇ ਬਹੁਪੱਖੀ ਵਿਕਾਸ (ਸਰੀਰਕ, ਮਾਨਸਿਕ, ਬੌਧਿਕ, ਨੈਤਿਕ, ਅਧਿਆਤਮਕ, ਸਮਾਜਿਕ, ਅਕਾਦਮਿਕ ਤੇ ਵਿੱਤੀ ਵਿਕਾਸ) ਦਾ ਰਾਹ ਦੱਸਦੀ ਹੋਈ, ਆਦਰਸ਼ ਮਨੁੱਖ ਦੀ ਸਿਰਜਣਾ ਕਰਦੀ ਹੈ। ਗੁਰਬਾਣੀ ਤੋਂ ਸੇਧ ਲੈ ਕੇ, ਸੁਚੱਜੀ ਜੀਵਨ-ਜਾਚ ਅਪਨਾਉਣ ਦਾ ਪੂਰਾ ਲਾਹਾ ਲਿਆ ਜਾ ਸਕਦਾ ਹੈ। **ਆਓ ! ਅਸੀਂ ਗੁਰਬਾਣੀ ਦਾ ਲੜ ਫ਼ੜ ਕੇ ਅੰਧਕਾਰਮਈ ਜੀਵਨ ਤੋਂ ਪਰਕਾਸ਼ਮਈ ਜੀਵਨ ਵੱਲ ਵਧੀਏ।** ਗੁਰਬਾਣੀ ਦਾ ਰੋਜ਼ਾਨਾ ਪਾਠ ਕਰਨ ਨਾਲ਼ ਅਸੀਂ ਉੱਚ ਇਰਾਦੇ ਬੁਲੰਦ ਹੌਂਸਲੇ, ਖੁਸ਼ਹਾਲ ਬਿਰਤੀ ਦੇ ਧਾਰਨੀ ਬਣ ਸਕਦੇ ਹਾਂ। ਮੁਸ਼ਕਲਾਂ ਤੋਂ ਘਬਰਾਈਏ ਨਾ, ਇਹ ਸਾਨੂੰ ਮਜ਼ਬੂਤ ਬਣਾਉਂਦੀਆਂ ਹਨ ਹਰ ਕੰਮ ਉਤਸ਼ਾਹ ਨਾਲ਼ ਕਰੀਏ, ਉਤਸ਼ਾਹ ਸਾਨੂੰ ਥੱਕਣ ਨਹੀਂ ਦੇਵੇਗਾ। ਉੱਚ ਇਰਾਦੇ ਸਾਨੂੰ ਸ਼ਕਤੀਸ਼ਾਲੀ ਬਣਾਉਂਦੇ ਹਨ। ਜੋ ਅਸੀਂ ਸੋਚਦੇ ਹਾਂ ਉਹ ਬਣ ਜਾਂਦੇ ਹਾਂ, ਜੋ ਸੋਚਾਂਗੇ ਉਹ ਬਣ ਜਾਵਾਂਗੇ। ਵਾਤਾਵਰਨ ਨੂੰ ਖਾਲਸ ਬਣਾਉਣ ਵਿੱਚ ਅਪਨਾ ਵਡਮੁੱਲਾ ਯੋਗਦਾਨ ਦੇਈਏ, ਵੱਧ ਤੋਂ ਵੱਧ ਰੁੱਖ ਲਗਾਈਏ, ਚਾਰ ਚੁਫੇਰੇ ਨੂੰ ਹਰਿਆਲੀ ਅਤੇ ਖੁਸ਼ਹਾਲੀ ਭਰਪੂਰ ਬਣਾਈਏ ਅਤੇ ਦਿਨੋਂ ਦਿਨ ਵਧ ਰਹੀ ਪਲਾਸਟਿਕ/ਪੌਲੀਥੀਨ ਦੀ ਵਰਤੋਂ ਨੂੰ ਘੱਟ ਕਰੀਏ। ਦੇਸ਼ ਦਾ ਸਰਮਾਇਆ ਅਤੇ ਉਸਦੀ ਸੰਭਾਲ਼ ਜੇਕਰ ਸਹੀ ਦਿਸ਼ਾ ਨੂੰ ਨਹੀਂ ਜਾ ਰਹੀ ਤਾਂ ਸਮਾਜ ਕੁਰੀਤੀਆਂ (ਨਸ਼ਾ, ਭ੍ਰਿਸ਼ਟਾਚਾਰ, ਅਗਿਆਨਤਾ ਆਦਿ) 'ਚ ਫ਼ਸਦਾ ਜਾਵੇਗਾ। **ਆਓ ! ਸਮਝੀਏ ਅਤੇ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਆਪੋ-ਅਪਣਾ ਯੋਗਦਾਨ ਪਾਈਏ।** ਇਸ ਕਰਕੇ ਸਮੂਹ ਪ੍ਰਾਣੀਆਂ ਨੂੰ ਅਪਣੇ ਬੱਚਿਆਂ ਦੀ ਪਰਵਰਿਸ਼ ਕਰਦਿਆਂ ਉਹਨਾਂ ਦੇ ਬੌਧਿਕ ਤੇ ਸਰੀਰਕ ਵਿਕਾਸ ਦੇ ਨਾਲ਼-ਨਾਲ਼ ਫ਼ੋਕੇ ਕਰਮਕਾਂਡਾਂ, ਵਹਿਮਾਂ-ਭਰਮਾਂ ਤੇ ਪਾਖੰਡਾਂ ਦਾ ਤਿਆਗ ਕਰਨ ਤਾਂ ਜੋ ਉਹਨਾਂ ਅੰਦਰ ਵਾਹਿਗੁਰੂ ਦੀ ਕਿਰਪਾ ਸਦਕਾ ਉਹਨਾਂ ਵਿੱਚ ਨੈਤਿਕ ਤੇ ਅਧਿਆਤਮਕ ਅਗੰਮੀ ਗੁਣਾਂ ਨਾਲ਼ ਪਰਫੁੱਲਤ ਹੋਣ। ਜਦੋਂ ਬਜ਼ੁਰਗਾਂ ਨੂੰ ਅਖੌਤੀ ਮਾਡਰਨਿਜ਼ਮ (so called Modernism) ਦੇ ਗਰੂਰ ਹੇਠਾਂ ਕੁਚਲਿਆ ਦੇਖਦਿਆਂ ਮਨ 'ਚ ਇੱਕ ਟੀਸ ਜਿਹੀ ਉੱਠਦੀ ਹੈ...... ਇੱਕ ਹੂਕ ਜਿਹੀ ਨਿਕਲਦੀ ਹੈ...... ਇਹਨਾਂ ਅਖੌਤੀ ਮਾਡਰਨ ਨੌਜੁਆਨਾਂ 'ਤੇ ਗੁੱਸਾ ਵੀ ਬੌਹਤ ਆਉਂਦਾ ਹੈ ਤੇ ਕਦੇ-ਕਦੇ ਤਰਸ ਵੀ। ਗੁੱਸਾ ਇਸ ਕਰਕੇ ਕਿ ਇਹ ਅਪਣੀ 'ਜੁਆਨੀ', 'ਦੌਲਤ', 'ਗਿਆਨ', ਤੇ 'ਸ਼ਕਤੀ' ਦੇ ਗਰੂਰ ਵਿੱਚ ਬਜ਼ੁਰਗਾਂ ਨੂੰ ਨਾ ਸਿਰਫ਼ ਅਣਦੇਖਿਆ ਤੇ ਅਣਗੌਲ਼ਿਆ ਹੀ ਕਰਦੇ ਹਨ ਸਗੋਂ ਕਈ ਵਾਰ ਉਹਨਾਂ ਨੂੰ ਤਿਲਾਂਜਲੀ ਵੀ ਦੇ ਦਿੰਦੇ ਹਨ। ਤਰਸ ਇਸ ਕਰਕੇ ਕਿ ਇਹ ਅਪਣੇ ਬਣਾਉਟੀ ਅਹੰਕਾਰ ਕਾਰਨ ਅਨੁਭਵਾਂ ਦੇ ਖ਼ਜ਼ਾਨੇ (ਬਜ਼ੁਰਗਾਂ) ਪਾਸੋਂ ਉਹਨਾਂ ਦੇ ਅਨੁਭਵਾਂ ਦਾ ਲਾਭ ਨਹੀਂ ਉਠਾ ਪਾਉਂਦੇ। ਨੌਜਵਾਨ ਪੀੜ੍ਹੀ (Young Generation) ਹਰੇਕ ਦੇਸ਼ ਦਾ ਵਡਮੁੱਲਾ ਸਰਮਾਇਆ ਅਤੇ ਸਮਾਜ ਸਿਰਜਕ (Society Creator) ਹੁੰਦੀ ਹੈ। ਸਮਾਜ ਦੀ ਸਿਰਜਣਾ ਦਾ ਅਸਲ ਆਧਾਰ ਤੇ ਨਿਰਮਾਣ ਸਿਰਫ਼ ਤੇ ਸਿਰਫ਼ ਉਸਾਰੂ ਸੋਚ (constructive thinking) ਵਾਲ਼ੇ ਵਿਅਕਤੀ ਹੀ ਕਰਦੇ ਹਨ। ਉੱਚੇ ਜੀਵਨ ਵਾਲ਼ੇ ਅਧਿਆਪਕ, I.A.S, I.P.S, ਜੱਜ, ਵਕੀਲ, ਡਾਕਟਰ ਆਦਿ ਬਣਾਈਏ। ਜਦੋਂ ਕਿਸੇ ਅਹੁਦੇ 'ਤੇ ਉੱਚੀ ਸੋਚ ਵਾਲ਼ਾ ਮਨੁੱਖ ਬੈਠਾ ਹੋਵੇਗਾ ਤਾਂ ਉਹ ਅਪਣੇ ਚੰਗਾ ਵਿਵਹਾਰ ਕਾਰਨ ਚੰਗੇ ਸਮਾਜ ਦੀ ਸਿਰਜਣਾ ਕਰ ਸਕੇਗਾ ਅਤੇ ਚੰਗੇ ਸਮਾਜ ਲਈ ਉੱਚ ਸ਼ਖ਼ਸੀਅਤ ਵਾਲ਼ੇ Role Model ਵਜੋਂ ਉੱਭਰ ਕੇ ਸਾਹਮਣੇ ਆਵੇਗਾ। ਉੱਚੇ ਆਦਰਸ਼ਾਂ ਵਾਲ਼ੇ ਵਿਅਕਤੀਤਵ ਵਾਲ਼ੇ ਨੌਜਵਾਨ ਗੁਰੂ ਗਰੰਥ ਸਾਹਿਬ ਦੇ ਮਹਾਨ ਉਪਦੇਸ਼ਾਂ ਨੂੰ ਅਪਣੀ ਜ਼ਿੰਦਗੀ ਦਾ ਆਧਾਰ ਬਣਾ ਕੇ ਸਮਾਜ ਨੂੰ ਵੀ ਉੱਚੀਆਂ ਬੁਲੰਦੀਆਂ ਤੱਕ ਲੈ ਕੇ ਜਾਣਗੇ। **ਨਾਨਕ ਨਾਮ ਲੇਵਾ ਸੰਗਤਾਂ ਗੁਰੂ ਨਾਨਕ ਸਾਹਿਬ ਜੀ ਦੁਆਰਾ ਦਰਸਾਏ ਮਾਰਗ ਨਾਮ ਜਪੋ, ਕਿਰਤ ਕਰੋ, ਵੰਡ ਛਕੋ 'ਤੇ ਚੱਲਦਿਆਂ ਸੱਚੀ-ਸੁੱਚੀ ਕਿਰਤ ਕਰਦਿਆਂ ਅਪਣਾ ਦਸਵੰਧ ਕੱਢ ਕੇ ਇਸ ਸੰਸਥਾ ਦੀਆਂ ਚੱਲ ਰਹੀਆਂ ਮਹਾਨ ਸੇਵਾਵਾਂ ਦੇ ਮਿਸ਼ਨ ਦਾ ਹਿੱਸਾ ਬਣੀਏ।** **ਆਓ ! ਦੇਸ਼ ਦੀ ਨਵੀਂ ਪਿਓਂਦ ਨੂੰ ਨਵੀਆਂ ਸੇਧਾਂ ਦੇ ਕੇ ਨਸ਼ਿਆਂ, ਅਗਿਆਨਤਾ, ਭ੍ਰਿਸ਼ਟਾਚਾਰ ਆਦਿ ਨਖਿੱਧ ਕੁਰੀਤੀਆਂ ਤੋਂ ਬਚਣ ਲਈ ਜਾਗਰੂਕ ਕਰੀਏ ਅਤੇ ਉਹਨਾਂ ਸਾਹਮਣੇ ਇਮਾਨਦਾਰ ਅਤੇ ਸੁਚੱਜੀ ਸ਼ਖ਼ਸੀਅਤ ਵਾਲ਼ੇ ਮਾਰਗ-ਦਰਸ਼ਕ (Role model) ਵਜੋਂ ਉੱਭਰ ਕੇ ਚੜ੍ਹਦੀ ਕਲਾ ਵਿੱਚ ਰਹਿਣ ਦਾ ਹੌਂਸਲਾ ਦੇਈਏ।**

ਜਾਰੀ ਕਰਤਾ :
ਪ੍ਰੀਤਮਹਿੰਦਰ ਸਿੰਘ ਬੇਦੀ ਸਮਰਾਲ਼ਾ
"Gen. Secretary" G.S.S. (REGD.)

**President G.S.S.(Regd.)**
**ਗਿਆਨੀ ਗਗਨਦੀਪ ਸਿੰਘ ਨਿਰਮਲੇ (ਜੰਡਾਲ਼ੀ ਵਾਲ਼ੇ)**
(Gyani) Honours in Punjabi & M.A.



NirmalAshramJandaliAhmedgarh